੧. ਭਾਈ ਲਾਲੋ ਕੌਣ ਸੀ ਅਤੇ ਕਿੱਥੇ ਦਾ ਰਹਿਣ ਵਾਲਾ ਸੀ?

੨. ਗੁਰੂ ਨਾਨਕ ਦੇਵ ਜੀ ਜੋਗੀਆਂ ਨੂੰ ਮਿਲਣ ਕਿੱਥੇ ਗਏ ਸਨ?

੩. ਸਿੱਧਾਂ ਨੂੰ ਮਿਲਣ ਵਾਸਤੇ ਗੁਰੂ ਜੀ ਕਿੱਥੇ ਗਏ ਸਨ?

੪. ਸਿੱਧਾਂ ਨਾਲ ਹੋਈ ਵਾਰਤਾਲਾਪ ਨੂੰ ਕਿਸ ਬਾਣੀ ਨਾਲ ਜਾਣਿਆ ਜਾਂਦਾ ਹੈ?

੫. ਜਦੋਂ ਬਾਬਰ ਨੇ ਪੰਜਾਬ ਦੇ ਲੋਕਾਂ ਉੱਤੇ ਜੁਲਮ ਢਾਹੇ ਤਾਂ ਗੁਰੂ ਨਾਨਕ ਦੇਵ ਜੀ ਨੇ ਉਸ ਸਮੇਂ ਨੂੰ ਕਲਮ ਬੰਦ ਕੀਤਾ ਉਸ ਬਾਣੀ ਦਾ ਨਾਂ ਦੱਸੋ?

੬. ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਕਾਲ ਵਿੱਚ ਕਿਹੜੇ ਦੁਨਿਆਵੀ ਕੰਮ ਕੀਤੇ?

੭. ਗੁਰੂ ਨਾਨਕ ਦੇਵ ਜੀ ਨੇ ਕਿਸ ਨੂੰ ਗੁਰਗੱਦੀ ਦਿੱਤੀ?

੮. ਗੁਰੂ ਅਮਰਦਾਸ ਜੀ ਦੇ ਬੱਚਿਆਂ ਦੇ ਕੀ ਨਾਮ ਸਨ ?

੯. ਗੁਰੂ ਅਮਰਦਾਸ ਜੀ ਨੇ ਕਿਹੜਾ ਨਗਰ ਵਸਾਇਆ ?

੧੦. ਗੁਰੂ ਅਮਰਦਾਸ ਤੋਂ ਬਾਦ ਗੁਰਗੱਦੀ ਕਿਸ ਨੂੰ ਮਿਲੀ?

੧੧. ਗੁਰੂ ਰਾਮਦਾਸ ਜੀ ਦਾ ਬਚਪਨ ਦਾ ਕੀ ਨਾਂ ਸੀ?

੧੨. ਗੁਰੂ ਰਾਮਦਾਸ ਜੀ ਨੇ ਆਪਣਾ ਬਹੁਤਾ ਸਮਾਂ ਕਿੱਥੇ ਬਿਤਾਇਆ?

੧੩. ਉਸ ਔਰਤ ਦਾ ਨਾਂ ਦੱਸੋ ਜਿਸ ਨੂੰ ਗੁਰੂ ਦੀ ਬੇਟੀ,ਇੱਕ ਗੁਰੂ ਦੀ ਪਤਨੀ, ਇੱਕ ਗੁਰੂ ਦੀ ਮਾਂ,ਦਾਦੀ ਅਤੇ ਪੜਦਾਦੀ ਹੋਣ ਦਾ ਮਾਣ ਪ੍ਰਾਪਤ ਹੈ?

੧੪. ਗੁਰੂ ਰਾਮਦਾਸ ਜੀ ਦੇ ਕਿੰਨੇ ਬੱਚੇ ਸਨ? ਉਹਨਾਂ ਦੇ ਨਾਂ ਦਸੋ।

੧੫. ਗੁਰੂ ਰਾਮਦਾਸ ਤੋਂ ਬਾਦ ਕੌਣ ਗੁਰਗੱਦੀ ਤੇ ਬੈਠੇ?

੧੬. ਗੁਰੂ ਅਰਜਨ ਦੇਵ ਜੀ ਦੇ ਮਾਤਾ ਪਿਤਾ ਦਾ ਨਾਂ ਕੀ ਸੀ?

੧੭. ਹਰੇਕ ਕਿਸਮ ਦੇ ਨਾਂਵ ਦੇ ੫ ਉਦਾਹਰਣ ਲਿਖੋ:

੧. ਆਮ ਨਾਂਵ

੨. ਖਾਸ ਨਾਂਵ

੩. ਇਕੱਠਵਾਚਕ ਨਾਂਵ

੪. ਵਸਤੂਵਾਚਕ ਨਾਂਵ

੫. ਭਾਵਵਾਚਕ ਨਾਂਵ